[This question paper contains 2 printed pages.]

**Your Roll No...............**

**Sr. No. of Question Paper : 6156** **H**

Unique Paper Code : 2125001203

Name of the Paper : Desh Vand Di Punjabi Kavita

Name of the Course : **GE : Punjabi**

Semester : IV

Duration : 3 Hours Maximum Marks : 90

**Instructions for Candidates**

1. Write your Roll No. on the top immediately on receipt of this question paper.

**ਨੋਟ- ਸਾਰੇ ਭਾਗ ਕਰਨੇ ਜ਼ਰੂਰੀ ਹਨ।**

**ਭਾਗ ਪਹਿਲਾ**

1. ਦੇਸ਼ ਵੰਡ ਦੇ ਸਮਾਜਕ ਤੇ ਆਰਥਿਕ ਪ੍ਰਭਾਵਾਂ ਬਾਰੇ ਵਿਸਤਾਰਪੂਰਵਕ ਚਰਚਾ ਕਰੋ। 15

**ਜਾਂ**

ਦੇਸ਼ ਵੰਡ ਬਾਰੇ ਜਾਣਕਾਰੀ ਦਿੰਦੇ ਹੋਏ, ਇਸ ਦੇ ਬੁਨਿਆਦੀ ਕਾਰਨਾਂ ਉੱਤੇ ਵਿਸਤ੍ਰਿਤ ਨੋਟ ਲਿਖੋ।

**ਭਾਗ ਦੂਜਾ**

2. ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਪੰਜਾਬ ਦੀ ਕਹਾਣੀ' ਦੇ ਵਿਸ਼ੇ ਸੰਬੰਧੀ ਵਿਸਥਾਰ ਸਹਿਤ ਚਰਚਾ ਕਰੋ। 15

**ਜਾਂ**

ਚਰਾਗ਼ਦੀਨ ਦਾਮਨ ਬਾਰੇ ਦੱਸਿਆਂ, ਉਸ ਦੀ ਕਵਿਤਾ '5 ਬੰਦ' ਦੇ ਕੇਂਦਰੀ ਭਾਵ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

3. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

ੳ) ਰਾਜਿਆ ਰਾਜ ਕਰੇਂਦਿਆ! ਚੜ੍ਹਿਆ ਅਜ ਵਿਸਾਖ
ਏਸ ਨਵੀਂ ਸਦੀ ਦੇ ਮੂੰਹ ਤੇ ਉਡ ਉਦ ਪੈਂਦੀ ਰਾਖ਼।
ਰਾਜਿਆ ਰਾਜ ਕਰੇਂਦਿਆ! ਕਿਹਾ ਕੁ ਚੜ੍ਹਿਆ ਜੇਠ,
ਸਿਰ ਤੇ ਕੋਈ ਆਕਾਸ਼ ਨਾ ਜ਼ਿਮੀਂ ਨਾ ਪੈਰਾਂ ਹੇਠ।

**ਜਾਂ**

ਅ) ਬੰਦ ਬੰਦ ਗ਼ੁਲਾਮੀ ਦੇ ਨਾਲ ਬੱਝਾ
ਬੰਦੀਵਾਨ, ਬੰਦ ਰਾਜ਼ ਦਾ ਖੋਲ੍ਹਣਾ ਬੰਦ।
ਹੈ ਸ਼ਾਹ ਅੰਗਰੇਜ਼ ਦੀ ਸ਼ਾਹੀ ਅੰਦਰ,
ਕਹਿਣਾ ਹੱਕ ਤੇ ਹੱਕ ਟਟੋਲਣਾ ਬੰਦ।
ਜਜ਼ਬਾ ਦਿਲ ਦਾ ਦਿਲ 'ਚ ਜਜ਼ਬ ਹੋਇਆ,
ਹੁਣ ਤੇ ਹੋਇਆ ਜ਼ਬਾਨ ਤੋਂ ਬੋਲਣਾ ਬੰਦ।

*P.T.O.*

ਹੈ ਸ਼ਾਹ ਅੰਗਰੇਜ਼ ਦੀ ਸ਼ਾਹੀ ਅੰਦਰ,
ਕਹਿਣਾ ਹੱਕ ਤੇ ਹੱਕ ਟਟੋਲਣਾ ਬੰਦ।

**ਭਾਗ ਤੀਜਾ**

4. 'ਲਹੌਰ ਦੇ ਨਾਂ ਖ਼ਤ' ਕਵਿਤਾ ਦੇ ਕੇਂਦਰੀ ਭਾਵ ਤੇ ਵਿਸ਼ਾ-ਵਸਤੂ ਉੱਤੇ ਵਿਸਤ੍ਰਿਤ ਚਰਚਾ ਕਰੋ। 15

**ਜਾਂ**

'ਦੁਸ਼ਮਣੀ ਦੀ ਦਾਸਤਾਨ' ਕਵਿਤਾ ਦੇ ਕਵੀ ਬਾਰੇ ਜਾਣਕਾਰੀ ਦਿੰਦੇ ਹੋਏ, ਇਸ ਦੇ ਕੇਂਦਰੀ ਭਾਵ ਬਾਰੇ ਵਿਸਥਾਰਪੂਰਵਕ ਚਰਚਾ ਕਰੋ।

5. ਹੇਠ ਲਿਖੀਆਂ ਕਾਵਿ ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 10

ਕਹੇ ਜਾਂਦੇ ਆਜ਼ਾਦ ਭਾਰਤ 'ਚ
ਪਹਿਲੀ ਵਾਰ ਜਦੋਂ ਵੋਟਾਂ ਪਈਆਂ
ਤਾਂ ਵੋਟਰ-ਸੂਚੀ 'ਚ ਅਸਾਡੇ ਸੀਰੀ ਮੁਨਸ਼ੀ ਖਾਂ ਦਾ ਨਾਂ
ਸੱਜਣ ਸਿੰਘ ਛਪਿਆ ਸੀ!
ਦੁੱਲੇ ਮੋਚੀ ਦਾ ਪੁੱਤ ਮੁਨਸ਼ੀ ਖਾਂ
ਲਬਾਂ ਨਾ ਪਹਿਲਾਂ ਕੱਟਦਾ ਸੀ ਤੇ ਨਾ ਹੁਣ,
ਜੇ ਦਾੜ੍ਹੀ ਕੱਟਦਾ ਸੀ ਤਾਂ ਹੁਣ ਉਹ ਵੀ ਹਟ ਗਿਆ ਸੀ
ਉਹਨੇ 'ਆਪਣੇ ਦੇਸ' ਜਾਣ ਤੋਂ ਇਨਕਾਰ ਕਰ
ਏਧਰ ਕਿਸੇ 'ਹੋਰ ਦੇ ਦੇਸ' ਪਰ ਆਪਣੀ ਮਿੱਟੀ 'ਚ ਰਹਿਣ ਲਈ
ਪਤਵੰਤਿਆਂ ਦੀ ਇਹ ਸ਼ਰਤ ਮੰਨ ਲਈ ਸੀ।

**ਜਾਂ**

ਰਤਨ ਸਿੰਘ ਦੀ ਕਵਿਤਾ 'ਗੱਠੜੀ ਫ਼ਿਰਾਕ ਦੀ' ਦੇ ਵਿਸ਼ੇ ਬਾਰੇ ਚਰਚਾ ਕਰੋ।

**ਭਾਗ ਚੌਥਾ**

6. ਸੁਰਜੀਤ ਪਾਤਰ ਦੀ ਕਵਿਤਾ 'ਪੱਛੋਂ ਤੇ ਪੁਰਵਈਆਂ' ਦਾ ਆਲੋਚਨਾਤਮਕ ਅਧਿਐਨ ਕਰੋ। 15

**ਜਾਂ**

2000 ਤੋਂ ਬਾਅਦ ਦੇਸ਼ ਵੰਡ ਦੀ ਕਵਿਤਾ ਦੇ ਕੇਂਦਰੀ ਭਾਵ ਵਿਸਥਾਰ ਸਹਿਤ ਜਾਣਕਾਰੀ ਦਿਓ।

7. ਹੇਠ ਲਿਖੇ ਕਾਵਿ ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 10

ਜਿਨ੍ਹਾਂ ਪੁੱਟ ਕੇ ਜੰਗਲ਼ ਆਬਾਦ ਕੀਤੇ, ਮਾਲਕ ਬਣੇ ਸੀ ਜੋ ਮੁਰੱਬਿਆਂ ਦੇ,
ਜਿਨ੍ਹਾਂ ਨਾਲ ਪਸੀਨੇ ਦੇ ਖੇਤ ਸਿੰਜੇ, ਪੰਗੇ ਲਏ ਨਾਲ ਜਾਂਗਲੀ ਕੱਬਿਆਂ ਦੇ।
ਮਿਲਖਾਂ ਵਾਲੇ ਜੋ ਰਾਜਿਆਂ ਵਾਂਗ ਰਹਿੰਦੇ, ਫਿਕਰ ਕਰਦੇ ਨਾ ਸੱਜਿਆਂ ਖੱਬਿਆਂ ਦੇ,
ਬਿੰਦਰ ਸਿਆਂ ਖਾਲੀ ਹੱਥ, ਸਿਰ ਪੈਰ ਨੰਗੇ, ਲੱਦੇ ਗਏ ਵਿਚ ਰੇਲ ਦੇ ਡੱਬਿਆਂ ਦੇ।

**ਜਾਂ**

ਹਰਵਿੰਦਰ ਸਿੰਘ ਭੱਟੀ ਦੀ ਕਵਿਤਾ 'ਵੰਡਨਾਮਾ' ਦੇ ਵਿਸ਼ੇ ਬਾਰੇ ਆਪਣੇ ਵਿਚਾਰ ਪੇਸ਼ ਕਰੋ।